# 2025 NAPLAN

# ਵਿਅਕਤੀਗਤ ਵਿਦਿਆਰਥੀ ਰਿਪੋਰਟ

## ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਲਈ ਜਾਣਕਾਰੀ



NAPLAN ਰਾਸ਼ਟਰੀ ਪੱਧਰ ਦਾ ਸਾਖਰਤਾ ਅਤੇ ਅੰਕ ਗਿਆਨ ਦਾ ਇਮਤਿਹਾਨ ਹੈ ਜੋ 3, 5, 7 ਅਤੇ 9ਵੀਂ ਜਮਾਤ ਦੇ ਵਿਦਿਆਰਥੀਆਂ ਦੁਆਰਾ ਦਿੱਤਾ ਜਾਂਦਾ ਹੈ। ਇਹ ਇੱਕੋ ਇੱਕ ਰਾਸ਼ਟਰੀ ਇਮਤਿਹਾਨ ਹੈ ਜੋ ਸਾਰੇ ਆਸਟ੍ਰੇਲੀਆਈ ਵਿਦਿਆਰਥੀ ਦਿੰਦੇ ਹਨ। ਸਾਖਰਤਾ ਅਤੇ ਅੰਕ ਗਿਆਨ ਦੇ ਹੁਨਰ ਸਾਰੇ ਤਰ੍ਹਾਂ ਦੀ ਸਿੱਖਿਆ ਅਤੇ ਸਮਾਜ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਭਾਗ ਲੈਣ ਦੀ ਯੋਗਤਾ ਦੀ ਅਹਿਮ ਨੀਂਹ ਹਨ। NAPLAN ਦੇ ਸਵਾਲ ਅੰਗਰੇਜ਼ੀ ਅਤੇ ਗਣਿਤ ਵਿੱਚ ਆਸਟ੍ਰੇਲੀਆਈ ਪਾਠਕ੍ਰਮ ਨਾਲ ਜੁੜੀ ਸਮੱਗਰੀ ਦਾ ਮੁਲਾਂਕਣ ਕਰਦੇ ਹਨ।

NAPLAN ਟੈਸਟ ਹਰੇਕ ਸਕੂਲ ਦੀ ਮੁਲਾਂਕਣ ਅਤੇ ਰਿਪੋਰਟਿੰਗ ਪ੍ਰਕਿਰਿਆ ਦਾ ਸਿਰਫ਼ ਇੱਕ ਪਹਿਲੂ ਹਨ। ਕਿਉਂਕਿ ਇਹ ਹਰੇਕ ਵਿਦਿਆਰਥੀ ਲਈ ਹਰ 2 ਸਾਲਾਂ ਵਿੱਚ ਇੱਕ ਵਾਰ ਲਏ ਜਾਂਦੇ ਹਨ, ਉਹ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਬਾਰੇ ਅਧਿਆਪਕਾਂ ਦੁਆਰਾ ਕੀਤੇ ਜਾਂਦੇ ਵਿਆਪਕ, ਲਗਾਤਾਰ ਚੱਲਣ ਵਾਲੇ ਮੁਲਾਂਕਣਾਂ ਨੂੰ ਨਹੀਂ ਬਦਲ ਸਕਦੇ ਹਨ। ਤੁਹਾਡੇ ਬੱਚੇ ਦੇ ਅਧਿਆਪਕ ਕੋਲ ਤੁਹਾਡੇ ਬੱਚੇ ਦੀ ਵਿੱਦਿਅਕ ਤਰੱਕੀ ਦੀ ਸਭ ਤੋਂ ਵਧੀਆ ਜਾਣਕਾਰੀ ਹੋਵੇਗੀ। ਹੋਰ ਸਕੂਲੀ ਮੁਲਾਂਕਣ ਰਿਪੋਰਟਾਂ ਦੇ ਨਾਲ-ਨਾਲ, NAPLAN ਦੀਆਂ ਵਿਅਕਤੀਗਤ ਵਿਦਿਆਰਥੀ ਰਿਪੋਰਟਾਂ ਦੀ ਵਰਤੋਂ ਵਿਦਿਆਰਥੀ ਦੇ ਅਧਿਆਪਕ ਨਾਲ ਤੁਹਾਡੇ ਬੱਚੇ ਦੀ ਤਰੱਕੀ ਬਾਰੇ ਚਰਚਾ ਕਰਨ ਲਈ ਕੀਤੀ ਜਾ ਸਕਦੀ ਹੈ।

## NAPLAN ਵਿਦਿਆਰਥੀਆਂ ਦਾ ਮੁਲਾਂਕਣ ਕਿਵੇਂ ਕਰਦਾ ਹੈ?

NAPLAN ਟੈਸਟ ਹਰ ਸਾਲ ਮਾਰਚ ਵਿੱਚ ਆਸਟ੍ਰੇਲੀਆ ਭਰ ਦੇ ਸਕੂਲਾਂ ਨੂੰ ਔਨਲਾਈਨ ਦਿੱਤੇ ਜਾਂਦੇ ਹਨ। ਇਹ ਔਨਲਾਈਨ ਇਮਤਿਹਾਨ ਵਿਦਿਆਰਥੀ ਵੱਲੋਂ ਦਿੱਤੇ ਜਾ ਰਹੇ ਜਵਾਬਾਂ ਅਨੁਸਾਰ ਸਵਾਲ ਤਿਆਰ ਕਰਕੇ ਪੇਸ਼ ਕਰਦਾ ਹੈ, ਵਧੇਰੇ ਸਟੀਕ ਨਤੀਜੇ ਪ੍ਰਦਾਨ ਕਰਦਾ ਹੈ ਅਤੇ ਵਿਦਿਆਰਥੀਆਂ ਲਈ ਵਧੇਰੇ ਦਿਲਚਸਪ ਟੈਸਟ ਅਨੁਭਵ ਪ੍ਰਦਾਨ ਕਰਦਾ ਹੈ।

NAPLAN ਵਿੱਚ ਜ਼ਿਆਦਾਤਰ ਸਵਾਲ ਸਾਖਰਤਾ ਅਤੇ ਅੰਕ-ਗਿਆਨ ਦੇ ਉਸ ਗਿਆਨ ਅਤੇ ਹੁਨਰਾਂ 'ਤੇ ਅਧਾਰਿਤ ਹੁੰਦੇ ਹਨ ਜੋ ਵਿਦਿਆਰਥੀਆਂ ਨੇ ਸਕੂਲੀ ਪੜ੍ਹਾਈ ਦੇ ਪਿਛਲੇ ਸਾਲਾਂ ਦੌਰਾਨ ਸਿੱਖੇ ਹੁੰਦੇ ਹਨ। ਕੁੱਝ ਸਵਾਲ ਟੈਸਟ ਲਏ ਜਾ ਰਹੇ ਸਾਲ ਅਤੇ ਅਗਲੇ ਸਾਲ ਵਿੱਚੋਂ ਵਾਧੂ ਸਮੱਗਰੀ ਦਾ ਮੁਲਾਂਕਣ ਕਰਦੇ ਹਨ। ਇਨ੍ਹਾਂ ਸਵਾਲਾਂ ਨੂੰ ਇਸ ਤਰ੍ਹਾਂ ਤਿਆਰ ਕੀਤਾ ਗਿਆ ਹੁੰਦਾ ਹੈ ਤਾਂ ਜੋ ਵਿਦਿਆਰਥੀਆਂ ਦੁਆਰਾ ਪਿਛਲੇ ਸਾਲਾਂ ਵਿੱਚ ਸਿੱਖੀਆਂ ਗਈਆਂ ਰਣਨੀਤੀਆਂ ਦੀ ਵਰਤੋਂ ਕਰਕੇ ਇਨ੍ਹਾਂ ਦਾ ਜਵਾਬ ਦਿੱਤਾ ਜਾ ਸਕੇ। ਇਹ ਯਕੀਨੀ ਬਣਾਉਂਦਾ ਹੈ ਕਿ ਹਰ ਤਰੀਕੇ ਦੀ ਯੋਗਤਾ ਵਾਲੇ ਵਿਦਿਆਰਥੀ ਆਪਣੀ ਯੋਗਤਾ ਦਿਖਾ ਸਕਦੇ ਹਨ।

NAPLAN ਵਿੱਚ ਜਾਂਚੇ ਜਾ ਰਹੇ ਗਿਆਨ ਅਤੇ ਹੁਨਰਾਂ ਬਾਰੇ ਵਿਸਥਾਰ-ਪੂਰਵਕ ਜਾਣਕਾਰੀ www.nap.edu.au 'ਤੇ ਉਪਲਬਧ ਹੈ।

## ਨਿਪੁੰਨਤਾ ਦੇ ਮਾਪਦੰਡ

2023 ਤੋਂ ਲੈ ਕੇ, NAPLAN ਦੇ ਨਤੀਜੇ ਨਿਪੁੰਨਤਾ ਦੇ ਮਾਪਦੰਡਾਂ ਦੇ ਆਧਾਰ 'ਤੇ ਦਰਸਾਏ ਜਾਂਦੇ ਹਨ, ਜੋ ਵਿਦਿਆਰਥੀ ਦੀ ਪ੍ਰਾਪਤੀ ਬਾਰੇ ਸਪੱਸ਼ਟ ਜਾਣਕਾਰੀ ਦਿੰਦੇ ਹਨ। ਇਹ ਮਾਪਦੰਡ ਚੁਣੌਤੀਪੂਰਨ, ਪਰ ਵਾਜਬ ਪੱਧਰ 'ਤੇ ਤੈਅ ਕੀਤੇ ਜਾਂਦੇ ਹਨ, ਜੋ ਕਿ NAPLAN ਟੈਸਟ ਦੇ ਸਮੇਂ ਵਿਦਿਆਰਥੀ ਤੋਂ ਉਮੀਦ ਕੀਤਾ ਜਾਂਦਾ ਹੈ, ਅਤੇ ਮੁੱਖ ਤੌਰ 'ਤੇ ਸਕੂਲੀ ਪੜ੍ਹਾਈ ਦੇ ਪਿਛਲੇ ਸਾਲਾਂ ਵਿੱਚ ਸਿਖਾਏ ਗਏ 'ਤੇ ਅਧਾਰਿਤ ਹੁੰਦੇ ਹਨ।

ਇਨ੍ਹਾਂ ਨਿਪੁੰਨਤਾ ਦੇ ਮਿਆਰਾਂ ਵਿੱਚ ਸ਼ਾਮਲ ਹਨ:

- **ਉਮੀਦ ਤੋਂ ਵੱਧ:** ਵਿਦਿਆਰਥੀ ਦਾ ਨਤੀਜਾ ਪ੍ਰੀਖਿਆ ਦੇ ਸਮੇਂ ਕੀਤੀਆਂ ਉਮੀਦਾਂ ਤੋਂ ਵੱਧ ਹੈ।
- **ਮਜ਼ਬੂਤ:** ਪ੍ਰੀਖਿਆ ਦੇ ਸਮੇਂ ਵਿਦਿਆਰਥੀ ਦਾ ਨਤੀਜਾ ਚੁਣੌਤੀਪੂਰਨ ਪਰ ਵਾਜਬ ਉਮੀਦਾਂ ਨੂੰ ਪੂਰਾ ਕਰਦਾ ਹੈ।
- **ਵਿਕਾਸਸ਼ੀਲ:** ਵਿਦਿਆਰਥੀ ਦਾ ਨਤੀਜਾ ਇਹ ਦਰਸਾਉਂਦਾ ਹੈ ਕਿ ਉਹ ਪ੍ਰੀਖਿਆ ਦੇ ਸਮੇਂ ਉਮੀਦਾਂ ਵੱਲ ਨੂੰ ਕੰਮ ਕਰ ਰਹੇ ਹਨ।
- **ਹੋਰ ਸਹਾਇਤਾ ਦੀ ਲੋੜ ਹੈ:** ਵਿਦਿਆਰਥੀ ਦਾ ਨਤੀਜਾ ਇਹ ਦਰਸਾਉਂਦਾ ਹੈ ਕਿ ਉਹ ਪ੍ਰੀਖਿਆ ਦੇ ਸਮੇਂ ਉਸਤੋਂ ਉਮੀਦ ਕੀਤੇ ਸਿੱਖਿਆ ਦੇ ਨਤੀਜੇ ਪ੍ਰਾਪਤ ਨਹੀਂ ਕਰ ਰਹੇ ਹਨ। ਉਹਨਾਂ ਨੂੰ ਤਸੱਲੀਬਖਸ਼ ਢੰਗ ਨਾਲ ਪੜ੍ਹਾਈ ਵਿੱਚ ਤਰੱਕੀ ਕਰਨ ਲਈ ਵਾਧੂ ਸਹਾਇਤਾ ਦੀ ਲੋੜ ਪੈਣ ਦੀ ਸੰਭਾਵਨਾ ਹੈ।

ਉਹ ਕੀ ਹੈ ਜੋ NAPLAN ਦੇ ਮੁਲਾਂਕਣ ਵਿੱਚ ਬਦਲਿਆ ਨਹੀਂ ਹੈ। ਵਿਅਕਤੀਗਤ ਵਿਦਿਆਰਥੀ ਰਿਪੋਰਟ ਦਾ ਪੰਨਾ 4 ਇਸ ਬਾਰੇ ਵਧੇਰੇ ਵਿਸਥਾਰ-ਪੂਰਵਕ ਜਾਣਕਾਰੀ ਪ੍ਰਦਾਨ ਕਰਦਾ ਹੈ ਕਿ ਵਿਦਿਆਰਥੀ ਹਰੇਕ ਨਿਪੁੰਨਤਾ ਪੱਧਰ ਦੇ ਅੰਦਰ ਕੀ ਜਾਣਦੇ ਹਨ ਅਤੇ ਕੀ ਕਰ ਸਕਦੇ ਹਨ। ਹੋਰ ਜਾਣਕਾਰੀ www.nap.edu.au 'ਤੇ ਉਪਲਬਧ ਹੈ।

## ਨਿਪੁੰਨਤਾ ਦੇ ਪੱਧਰ ਕਿਵੇਂ ਨਿਰਧਾਰਤ ਕੀਤੇ ਗਏ ਸਨ?

ਮਾਹਰ ਅਧਿਆਪਕਾਂ ਦੇ ਪੈਨਲਾਂ ਨੇ ਹਰੇਕ ਮੁਲਾਂਕਣ ਖੇਤਰ ਅਤੇ ਸਾਲ ਦੇ ਪੱਧਰ ਲਈ ਸਿੱਖਿਆ ਦੀਆਂ ਉਮੀਦਾਂ ਦੇ ਪ੍ਰਤੀ ਨਿਪੁੰਨਤਾ ਦੇ ਪੱਧਰਾਂ ਦੀ ਪਛਾਣ ਕੀਤੀ ਹੈ। ਵਿਦਿਆਰਥੀ ਰਿਪੋਰਟਾਂ 'ਤੇ ਮਾਤਾ-ਪਿਤਾ ਅਤੇ ਦੇਖਭਾਲ ਕਰਨ ਵਾਲਿਆਂ ਦੀ ਰਾਏ ਨੂੰ ਫੋਕਸ ਗਰੁੱਪਾਂ ਅਤੇ ਰਾਸ਼ਟਰੀ ਪੱਧਰ ਦੇ ਮਾਪਿਆਂ ਦੇ ਸੰਗਠਨਾਂ ਦੁਆਰਾ ਵੀ ਪ੍ਰਦਾਨ ਕੀਤਾ ਗਿਆ ਸੀ।

## NAPLAN ਰਿਪੋਰਟ ਨੂੰ ਪੜ੍ਹਨਾ

NAPLAN ਰਿਪੋਰਟ ਹਰੇਕ ਮੁਲਾਂਕਣ ਖੇਤਰ (ਅੰਕ-ਗਿਆਨ, ਪੜ੍ਹਨ, ਲਿਖਣ, ਸ਼ਬਦਜੋੜ, ਵਿਆਕਰਣ ਅਤੇ ਵਿਰਾਮ ਚਿੰਨ੍ਹ) ਲਈ ਨਿਪੁੰਨਤਾ ਦਾ ਪੈਮਾਨਾ ਦਿਖਾਉਂਦੀ ਹੈ ਜਿਸ ਵਿੱਚ ਵਿਦਿਆਰਥੀ ਦਾ ਨਤੀਜਾ ਪੈਮਾਨੇ 'ਤੇ ਕਾਲੇ ਬਿੰਦੂ ਵਜੋਂ ਦਿਖਾਇਆ ਜਾਂਦਾ ਹੈ।

ਇਹ ਰਿਪੋਰਟ ਹਰ ਬੱਚੇ ਦੀ ਕਲਾਸ ਦੀ ਰਾਸ਼ਟਰੀ ਔਸਤ (ਜੋ ਕਾਲੇ ਰੰਗ ਦੇ ਤਿਕੋਣ ਦੇ ਰੂਪ ਵਿੱਚ ਦਿਖਾਈ ਗਈ ਹੈ) ਅਤੇ ਉਹਨਾਂ ਦੀ ਕਲਾਸ ਦੇ 60% ਦਰਮਿਆਨੇ ਵਿਦਿਆਰਥੀਆਂ ਦੀ ਪ੍ਰਾਪਤੀ ਦੀ ਸੀਮਾ (ਜੋ ਹਲਕੇ ਰੰਗ ਦੀ ਆਇਤ ਵਜੋਂ ਦਿਖਾਈ ਗਈ ਹੈ) ਨੂੰ ਦਰਸਾਉਂਦੀ ਹੈ

NAPLAN ਇੱਕ ਬਹੁਮੁੱਲਾ ਟੂਲ ਹੈ ਜੋ ਕਿਸੇ ਵਿਦਿਆਰਥੀ ਦੀ ਕਾਰਗੁਜ਼ਾਰੀ ਬਾਰੇ ਉਪਯੋਗੀ ਸਮਝ ਪ੍ਰਦਾਨ ਕਰ ਸਕਦਾ ਹੈ, ਪਰ ਵਿਅਕਤੀਗਤ ਰਿਪੋਰਟਾਂ ਨੂੰ ਸਾਵਧਾਨੀ ਨਾਲ ਸਮਝਿਆ ਜਾਣਾ ਚਾਹੀਦਾ ਹੈ, ਕਿਉਂਕਿ ਉਹ ਵਿਦਿਆਰਥੀ ਦੇ ਪ੍ਰੀਖਿਆ ਵਾਲੇ ਦਿਨ ਦੇ ਕਾਰਗੁਜ਼ਾਰੀ ਨੂੰ ਦਰਸਾਉਂਦੀਆਂ ਹਨ, ਨਾ ਕਿ ਉਹਨਾਂ ਦੀ ਸਮੁੱਚੀ ਸਿੱਖਿਆ ਕਾਰਗੁਜ਼ਾਰੀ ਦਾ ਇੱਕ ਨਿਸ਼ਚਿਤ ਮਾਪ ਹੁੰਦੀਆਂ ਹਨ।



Translation © VCAA

## ਜੇ ਮੇਰੇ ਬੱਚੇ ਦੀ ਰਿਪੋਰਟ ਇਹ ਕਹਿੰਦੀ ਹੈ ਕਿ ਉਸਨੇ ਆਪਣਾ ਟੈਸਟ ਕਾਗਜ਼ 'ਤੇ ਲਿਆ ਹੈ ਤਾਂ ਉਸਦਾ ਕੀ ਭਾਵ ਹੈ?

ਜਦੋਂ ਕਿ NAPLAN ਇੱਕ ਔਨਲਾਈਨ ਟੈਸਟ ਹੈ, ਇਸ ਲਈ ਇੱਥੇ ਬਹੁਤ ਘੱਟ ਇਸ ਤਰ੍ਹਾਂ ਦੇ ਹਾਲਾਤ ਹੁੰਦੇ ਹਨ ਜਿੱਥੇ ਵਿਦਿਆਰਥੀ ਕਾਗਜ਼ 'ਤੇ ਟੈਸਟ ਕਰ ਸਕਦੇ ਹਨ। ਇਹਨਾਂ ਵਿੱਚ ਸ਼ਾਮਲ ਹਨ ਜਦੋਂ:

- ਸਕੂਲ ਕੋਈ ਮਾਨਤਾ ਪ੍ਰਾਪਤ ਵਿਕਲਪਕ ਪਾਠਕ੍ਰਮ ਦੀ ਵਰਤੋਂ ਕਰਦੇ ਹਨ
- ਵਿਦਿਆਰਥੀਆਂ ਨੂੰ ਅਪਾਹਜਤਾ ਪਹੁੰਚਯੋਗਤਾ ਕਾਰਨਾਂ ਕਰਕੇ ਕਾਗਜ਼ 'ਤੇ ਟੈਸਟ ਦੇਣ ਦੀ ਲੋੜ ਹੁੰਦੀ ਹੈ
- ਜਦੋਂ ਟੈਸਟਿੰਗ ਦੌਰਾਨ ਸਮੱਸਿਆਵਾਂ ਕਾਰਨ ਕਾਗਜ਼ੀ ਟੈਸਟਾਂ ਦੀ ਵਰਤੋਂ ਸੰਕਟਕਾਲੀਨ ਉਪਾਅ ਵਜੋਂ ਕਰਨ ਦੀ ਲੋੜ ਹੁੰਦੀ ਹੈ।

3 ਜਮਾਤ ਦੇ ਵਿਦਿਆਰਥੀ ਆਪਣੇ ਲਿਖਤੀ ਟੈਸਟ ਹਮੇਸ਼ਾ ਕਾਗਜ਼ 'ਤੇ ਕਰਦੇ ਹਨ।

## ਕੀ ਮੈਂ ਪਿਛਲੀਆਂ NAPLAN ਰਿਪੋਰਟਾਂ ਨਾਲ ਆਪਣੇ ਬੱਚੇ ਦੀ ਕਾਰਗੁਜ਼ਾਰੀ ਦੀ ਤੁਲਨਾ ਕਰ ਸਕਦਾ/ਦੀ ਹਾਂ?

2023 ਤੋਂ ਬਾਅਦ ਦੇ ਨਤੀਜਿਆਂ ਦੀ 2008 ਤੋਂ ਲੈ ਕੇ 2022 ਤੱਕ ਦੇ ਨਤੀਜਿਆਂ ਨਾਲ ਸਿੱਧੀ ਤੁਲਨਾ ਨਹੀਂ ਕੀਤੀ ਜਾ ਸਕਦੀ ਹੈ। ਅਜਿਹਾ ਇਸ ਲਈ ਹੈ ਕਿਉਂਕਿ ਇੱਕ ਨਵਾਂ ਮਾਪ ਪੈਮਾਨਾ ਜੋ ਕਿ ਔਨਲਾਈਨ ਟੈਸਟਾਂ ਲਈ ਵਧੇਰੇ ਢੁੱਕਵਾਂ ਹੈ, ਉਹ ਨਵੇਂ ਮਾਪਦੰਡਾਂ ਦੇ ਨਾਲ ਪੇਸ਼ ਕੀਤਾ ਗਿਆ ਸੀ, ਅਤੇ ਕਿਉਂਕਿ ਟੈਸਟ ਟਰਮ 2 ਵਿੱਚ ਹੋਣ ਦੀ ਬਜਾਏ ਟਰਮ 1 ਵਿੱਚ ਤਬਦੀਲ ਕਰ ਦਿੱਤੇ ਗਏ ਸਨ।

ਹਾਲਾਂਕਿ, 2025 ਵਿੱਚ 5ਵੀਂ, 7ਵੀਂ ਅਤੇ 9ਵੀਂ ਕਲਾਸ ਦੇ ਵਿਦਿਆਰਥੀ ਪਹਿਲੀ ਵਾਰ ਨਵੇਂ ਰਿਪੋਰਟਿੰਗ ਪ੍ਰਬੰਧ ਦੇ ਤਹਿਤ NAPLAN ਦੇ 2 ਚੱਕਰ ਪੂਰੇ ਕਰਨ ਵਾਲੇ ਬਣੇ ਹਨ। ਇਸਦਾ ਮਤਲਬ ਹੈ ਕਿ ਮਾਪੇ ਅਤੇ ਦੇਖਭਾਲ ਕਰਨ ਵਾਲੇ 2023 ਅਤੇ 2025 ਵਿੱਚ ਮਿਲੀਆਂ ਵਿਅਕਤੀਗਤ ਵਿਦਿਆਰਥੀ ਰਿਪੋਰਟਾਂ ਦੀ ਵਰਤੋਂ ਕਰਕੇ ਆਪਣੇ ਬੱਚੇ ਦੇ ਨਿਪੁੰਨਤਾ ਪੱਧਰ ਦੀ ਤੁਲਨਾ ਕਰ ਸਕਦੇ ਹਨ।

ਕਿਸੇ ਵਿਦਿਆਰਥੀ ਦੇ ਨਤੀਜੇ ਕੌਮੀ ਔਸਤ ਅਤੇ 60% ਦਰਮਿਆਨੇ ਪੱਧਰ ਦੇ ਵਿਦਿਆਰਥੀਆਂ ਦੇ ਨਾਲ-ਨਾਲ 2023 ਅਤੇ 2025 ਦੇ ਵਿਚਕਾਰ ਵੀ ਤੁਲਨਾ ਯੋਗ ਹਨ।

ਜਿਵੇਂ-ਜਿਵੇਂ ਵਿਦਿਆਰਥੀ NAPLAN ਸਾਲਾਂ ਵਿੱਚੋਂ ਲੰਘਦੇ ਹਨ, ਹਰ ਨਿਪੁੰਨਤਾ ਦੇ ਪੱਧਰ ਨੂੰ ਹਾਸਿਲ ਕਰਨ ਲਈ ਲੋੜੀਂਦੇ ਹੁਨਰਾਂ ਅਤੇ ਸਮਝ ਦੀ ਔਖਿਆਈ ਵੱਧ ਜਾਂਦੀ ਹੈ। ਇੱਕ ਵਿਦਿਆਰਥੀ ਜੋ ਲਗਾਤਾਰ ਵਧਦੇ ਸਾਲਾਂ ਵਿੱਚ, ਜਿਵੇਂ ਕਿ 3 ਕਲਾਸ ਅਤੇ ਸਾਲ 5ਵੀਂ ਕਲਾਸ ਵਿੱਚ ਵੀ ਉਹੀ ਨਿਪੁੰਨਤਾ ਦਾ ਪੱਧਰ ਹਾਸਿਲ ਕਰਦਾ ਹੈ, ਉਹ ਫਿਰ ਵੀ ਤਰੱਕੀ ਕਰ ਰਿਹਾ ਹੋ ਸਕਦਾ ਹੈ।

## NAPLAN ਮੇਰੇ ਬੱਚੇ ਦੀ ਸਹਾਇਤਾ ਕਿਵੇਂ ਕਰਦਾ ਹੈ?

NAPLAN ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਨੂੰ ਇਹ ਦੇਖਣ ਦਿੰਦਾ ਹੈ ਕਿ ਉਨ੍ਹਾਂ ਦੇ ਬੱਚੇ ਨੇ ਰਾਸ਼ਟਰੀ ਮਾਪਦੰਡਾਂ 'ਤੇ ਸਾਖਰਤਾ ਅਤੇ ਅੰਕ-ਗਿਆਨ ਵਿੱਚ ਕਿਵੇਂ ਪ੍ਰਦਰਸ਼ਨ ਕੀਤਾ ਹੈ। ਤੁਹਾਡੇ ਬੱਚੇ ਦੀ ਪ੍ਰਾਪਤੀ ਦੀ ਤੁਲਨਾ ਉਸੇ ਸਾਲ ਦੇ ਸਾਰੇ ਵਿਦਿਆਰਥੀਆਂ ਦੀ ਰਾਸ਼ਟਰੀ ਔਸਤ ਅਤੇ ਨਿਪੁੰਨਤਾ ਦੇ ਪੱਧਰਾਂ ਨਾਲ ਕੀਤੀ ਜਾ ਸਕਦੀ ਹੈ।

ਨਤੀਜੇ, ਵਿਦਿਆਰਥੀ ਦੀ ਵਿਅਕਤੀਗਤ ਤਰੱਕੀ ਬਾਰੇ ਅਧਿਆਪਕਾਂ ਨਾਲ ਵਿਚਾਰ-ਵਟਾਂਦਰਾ ਕਰਨ ਵਿੱਚ ਮਾਪਿਆਂ, ਦੇਖਭਾਲ ਕਰਨ ਵਾਲਿਆਂ ਅਤੇ ਵਿਦਿਆਰਥੀਆਂ ਦੀ ਮੱਦਦ ਕਰ ਸਕਦੇ ਹਨ।

## ਇਨ੍ਹਾਂ ਨਤੀਜਿਆਂ ਦਾ ਮੇਰੇ ਬੱਚੇ ਦੇ ਭਵਿੱਖ 'ਤੇ ਕੀ ਅਸਰ ਪਵੇਗਾ?

NAPLAN ਦੇ ਨਤੀਜੇ ਸਾਖਰਤਾ ਅਤੇ ਅੰਕ ਗਿਆਨ ਦੇ ਹੁਨਰਾਂ ਬਾਰੇ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰਦੇ ਹਨ ਜੋ ਤੁਹਾਡਾ ਬੱਚਾ ਆਪਣੇ ਨਿਯਮਤ ਸਕੂਲ ਪਾਠਕ੍ਰਮ ਦੁਆਰਾ ਸਿੱਖ ਰਿਹਾ ਹੈ। ਇਹ ਨਤੀਜੇ ਉਨ੍ਹਾਂ ਹੋਰ ਮੁਲਾਂਕਣਾਂ ਦੇ ਪੂਰਕ ਹਨ ਜੋ ਤੁਹਾਡਾ ਬੱਚਾ ਸਕੂਲ ਵਿੱਚ ਕਰਦਾ ਹੈ, ਤੁਹਾਨੂੰ ਅਤੇ ਤੁਹਾਡੇ ਬੱਚੇ ਦੇ ਅਧਿਆਪਕਾਂ ਨੂੰ ਟੈਸਟਾਂ ਦੇ ਸਮੇਂ ਤੁਹਾਡੇ ਬੱਚੇ ਦੀਆਂ ਪ੍ਰਾਪਤੀਆਂ ਦੀ ਸਮਝ ਪ੍ਰਦਾਨ ਕਰਦਾ ਹੈ। ਇਸ ਜਾਣਕਾਰੀ ਦੀ ਵਰਤੋਂ ਤੁਹਾਡੇ ਬੱਚੇ ਨੂੰ ਉਸ ਦੀ ਪੂਰੀ ਸਮਰੱਥਾ ਤੱਕ ਪਹੁੰਚਣ ਵਿੱਚ ਸਹਾਇਤਾ ਕਰਨ ਲਈ ਕੀਤੀ ਜਾ ਸਕਦੀ ਹੈ।

ਕਈ ਸਕੂਲ ਆਪਣੀ ਦਾਖਲਾ ਪ੍ਰਕਿਰਿਆ ਦੇ ਹਿੱਸੇ ਵਜੋਂ, ਸਕੂਲ ਦੀਆਂ ਰਿਪੋਰਟਾਂ ਤੋਂ ਇਲਾਵਾ NAPLAN ਰਿਪੋਰਟਾਂ ਦੀ ਵੀ ਮੰਗ ਕਰ ਸਕਦੇ ਹਨ। NAPLAN ਨੂੰ ਸਕੂਲ ਦਾਖਲਾ ਪ੍ਰੀਖਿਆ ਵਜੋਂ ਨਹੀਂ ਬਣਾਇਆ ਗਿਆ ਹੈ; ਹਾਲਾਂਕਿ, ਇਹ ਨਤੀਜੇ ਵਿਦਿਆਰਥੀ ਦੀਆਂ ਸਿੱਖਿਆ ਦੀਆਂ ਲੋੜਾਂ ਬਾਰੇ ਨਵੇਂ ਸਕੂਲ ਨੂੰ ਸੂਚਿਤ ਕਰਨ ਲਈ ਉਪਯੋਗੀ ਹੋ ਸਕਦੇ ਹਨ।

## NAPLAN ਮੇਰੇ ਬੱਚੇ ਦੇ ਸਕੂਲ ਦੀ ਸਹਾਇਤਾ ਕਿਵੇਂ ਕਰਦਾ ਹੈ?

NAPLAN ਇੱਕੋ ਇੱਕ ਰਾਸ਼ਟਰੀ ਇਮਤਿਹਾਨ ਹੈ ਜੋ ਸਾਰੇ ਆਸਟ੍ਰੇਲੀਆਈ ਵਿਦਿਆਰਥੀ ਦਿੰਦੇ ਹਨ। ਇਹ ਮੱਦਦ ਕਰਦਾ ਹੈ:

- ਅਧਿਆਪਕਾਂ ਨੂੰ ਉਹਨਾਂ ਵਿਦਿਆਰਥੀਆਂ ਦੀ ਬਿਹਤਰ ਪਛਾਣ ਕਰਨ ਲਈ ਜਿਨ੍ਹਾਂ ਨੂੰ ਵਧੇਰੇ ਚੁਣੌਤੀਆਂ ਜਾਂ ਵਾਧੂ ਸਹਾਇਤਾ ਦੀ ਲੋੜ ਹੈ
- ਸਕੂਲਾਂ ਦੀ ਇਹ ਪਛਾਣ ਕਰਨ ਵਿੱਚ ਕਿ ਪੜ੍ਹਾਉਣ ਦੇ ਕਿਹੜੇ ਖੇਤਰ ਵਧੀਆ ਹਨ ਅਤੇ ਕਿੰਨ੍ਹਾ ਵਿੱਚ ਹੋਰ ਮਿਹਨਤ ਦੀ ਲੋੜ ਹੈ
- ਸਕੂਲਾਂ ਨੂੰ ਸਾਖਰਤਾ ਅਤੇ ਅੰਕ-ਗਿਆਨ ਵਿੱਚ ਟੀਚੇ ਨਿਰਧਾਰਤ ਕਰਨ ਵਿੱਚ
- ਸਕੂਲੀ ਪ੍ਰਣਾਲੀਆਂ ਦੀ ਸਕੂਲਾਂ ਨੂੰ ਪੇਸ਼ ਕੀਤੇ ਪ੍ਰੋਗਰਾਮਾਂ ਅਤੇ ਸਹਾਇਤਾ ਦੀ ਸਮੀਖਿਆ ਕਰਨ ਵਿੱਚ।

NAPLAN ਸਰਕਾਰਾਂ ਨੂੰ ਇਹ ਮੁਲਾਂਕਣ ਕਰਨ ਵਿੱਚ ਮੱਦਦ ਕਰਨ ਲਈ ਰਾਸ਼ਟਰੀ ਤੌਰ 'ਤੇ ਤੁਲਨਾਤਮਕ ਡੇਟਾ ਪ੍ਰਦਾਨ ਕਰਦਾ ਹੈ ਕਿ ਸਿੱਖਿਆ ਪ੍ਰੋਗਰਾਮ ਕਿਵੇਂ ਕੰਮ ਕਰ ਰਹੇ ਹਨ ਅਤੇ ਕੀ ਵਿਦਿਆਰਥੀ ਮਹੱਤਵਪੂਰਨ ਸਾਖਰਤਾ ਅਤੇ ਅੰਕ-ਗਿਆਨ ਦੇ ਮਾਪਦੰਡਾਂ ਨੂੰ ਪੂਰਾ ਕਰ ਰਹੇ ਹਨ ਜਾਂ ਨਹੀਂ।

## ਇਹ ਨਤੀਜੇ ਹੋਰ ਕੌਣ ਦੇਖੇਗਾ?

ਹਰ ਸਾਲ, ਟੈਸਟ ਪ੍ਰਸ਼ਾਸਨ-ਅਧਿਕਾਰੀ ਸਕੂਲਾਂ ਨੂੰ ਉਨ੍ਹਾਂ ਸਾਰੇ ਵਿਦਿਆਰਥੀਆਂ ਦੇ ਨਤੀਜੇ ਪ੍ਰਦਾਨ ਕਰਦੇ ਹਨ, ਜਿਨ੍ਹਾਂ ਨੇ NAPLAN ਦਾ ਇਮਤਿਹਾਨ ਦਿੱਤਾ ਹੁੰਦਾ ਹੈ। ਸਕੂਲਾਂ ਨੂੰ ਪੂਰੇ ਸਕੂਲ ਵਿੱਚ ਸੁਧਾਰ ਕਰਨ ਲਈ ਆਪਣੀ ਯੋਜਨਾ ਨੂੰ ਜਾਣਕਾਰੀ ਸੂਚਿਤ ਕਰਨ ਲਈ ਇਨ੍ਹਾਂ ਨਤੀਜਿਆਂ ਦੀ ਵਰਤੋਂ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।

ਵਿਅਕਤੀਗਤ ਵਿਦਿਆਰਥੀ ਰਿਪੋਰਟਾਂ ਗੁਪਤ ਹੁੰਦੀਆਂ ਹਨ। ਤੁਹਾਡੇ ਬੱਚੇ ਦੇ ਸਕੂਲ ਵਿੱਚ ਤੁਹਾਡੀ ਸਥਾਨਕ ਟੈਸਟ ਪ੍ਰਸ਼ਾਸਨ ਅਥਾਰਟੀ ਅਤੇ ਸਟਾਫ਼ ਤੋਂ ਇਲਾਵਾ ਹੋਰ ਕੋਈ ਤੁਹਾਡੇ ਬੱਚੇ ਦੀ ਰਿਪੋਰਟ ਨਹੀਂ ਦੇਖੇਗਾ।

ਸਕੂਲ ਦੇ ਔਸਤਨ ਨਤੀਜੇ www.myschool.edu.au 'ਤੇ My School 'ਤੇ ਜਨਤਕ ਤੌਰ 'ਤੇ ਜਾਰੀ ਕੀਤੇ ਜਾਂਦੇ ਹਨ। ਇਸ ਵੈੱਬਸਾਈਟ ਨੂੰ ਸਾਲ ਦੇ ਅੰਤ ਤੱਕ ਹਰ ਸਾਲ ਦੇ ਨਤੀਜਿਆਂ ਨਾਲ ਅੱਪਡੇਟ ਕੀਤਾ ਜਾਵੇਗਾ। ਤੁਹਾਡੇ ਬੱਚੇ ਦੇ ਵਿਅਕਤੀਗਤ ਨਤੀਜੇ My School 'ਤੇ ਉਪਲਬਧ ਨਹੀਂ ਹੁੰਦੇ ਹਨ।



Translation © VCAA